# ਕਾਮਨਵੈਲਥ ਦੀਆਂ ਖੇਡਾਂ

ਤਿੰਨ ਅਕਤੂਬਰ ਨੂੰ ਦਿੱਲੀ ਵਿਚ ਕਾਮਨਵੈਲਥ ਖੇਡਾਂ ਦੀ ਸ਼ੁਰੂਆਤ ਹੋਈ। ਕਹਿੰਦੇ ਹਨ ਕਿ ਇਨ੍ਹਾਂ ਖੇਡਾਂ ਦੀ ਤਿਆਰੀ ਲਈ ਹਿੰਦੁਸਤਾਨ ਦੀ ਸਰਕਾਰ ਨੇ ਤਕਰੀਬਨ 70,000 ਕਰੋੜ ਰੁਪਏ ਖ਼ਰਚ ਕੀਤੇ ਹਨ। ਹਾਕਮ ਲਾਣੇ ਨੂੰ ਸ਼ਰਮ ਆਉਣੀ ਚਾਹੀਦੀ ਸੀ ਕਿ ਕਾਮਨਵੈਲਥ ਖੇਡਾਂ ਤੇ ਇਨ੍ਹਾਂ ਪੈਸਾ ਬਰਬਾਦ ਕਰਨ ਦੀ ਬਜਾਏ ਲੋਕਾਂ ਨੂੰ ਕੋਈ ਰਾਹਤ ਦਿੱਤੀ ਜਾਵੇ। ਕਾਮਨਵੈਲਥ ਖੇਡਾਂ ਦੇ ਨਾ ਤੇ ਬਰਬਾਦ ਕੀਤੇ ਗਏ ਸਤਾਰਾਂ ਅਰਬ ਡਾਲਰਾਂ ਨਾਲ ਹਿੰਦੁਸਤਾਨ ਦੇ 65 ਕਰੋੜ ਲੋਕਾਂ ਲਈ ਟੌਇਲਟਾਂ ਮੁਹੱਈਆ ਕੀਤੀਆਂ ਜਾ ਸਕਦੀਆਂ ਸਨ ਜਿਨ੍ਹਾਂ ਨੂੰ ਇਹ ਕੰਮ ਖੁਲ੍ਹੇ ਅਸਮਾਨ ਹੇਠਾਂ ਕਰਨਾ ਪੈਂਦਾ ਹੈ। ਲੇਕਿਨ ਸਰਕਾਰ ਨੂੰ ਲੋਕਾਂ ਦੀਆਂ ਤਕਲੀਫ਼ਾਂ ਦੀ ਜ਼ਰਾ ਪਰਵਾਹ ਨਹੀਂ। ਲੋਕਾਂ ਦੀ ਮੰਦੀ ਹਾਲਤ ਦੇ ਬਾਵਜੂਦ ਸਰਕਾਰ ਤੇ ਹਾਕਮ ਲਾਣੇ ਦਾ ਸਾਰਾ ਜ਼ੋਰ ਹਿੰਦੁਸਤਾਨ ਦੇ ਮੱਧ ਵਰਗ ਨੂੰ ਇਹ ਯਕੀਨ ਕਰਾਉਣ ਤੇ ਲੱਗਾ ਹੋਇਆ ਹੈ ਕਿ ਕਾਮਨਵੈਲਥ ਖੇਡਾਂ ਕਰਾਉਣ ਨਾਲ ਕੌਮ ਦੀ ਸ਼ਾਨ ਬੜੀ ਉਚੀ ਹੋ ਰਹੀ ਹੈ। ਲੋਕਾਂ ਦੀ ਗੱਲ ਤਾਂ ਇਕ ਪਾਸੇ ਰਹੀ ਇਸ ਸਾਰੇ ਰੰਗ-ਤਮਾਸ਼ੇ ਤੇ ਢੋਲ ਢਮੱਕੇ ਦਾ ਮਕਸਦ ਤਾਂ ਇਹ ਵੀ ਨਹੀਂ ਕਿ ਹਿੰਦੁਸਤਾਨ ਵਿਚ ਖੇਡਾਂ ਤੇ ਖਿਡਾਰੀ ਹੀ ਕੋਈ ਤਰੱਕੀ ਕਰਨ ਤੇ ਵਿਕਸਤ ਹੋਣ। ਜੇ ਖੇਡਾਂ ਨੂੰ ਵਿਕਸਤ ਕਰਨ ਦਾ ਮਕਸਦ ਹੁੰਦਾ ਤਾਂ ਇਹ ਪੈਸਾ ਸਾਰੇ ਮੁਲਕ ਵਿਚ ਖੇਡਾਂ ਦੇ ਵਸੀਲਿਆਂ, ਸਹੂਲਤਾਂ ਤੇ ਤਾਣੇ-ਬਾਣੇ ਨੂੰ ਚੰਗਾ ਬਣਾਉਣ ਤੇ ਲਾਇਆ ਜਾ ਸਕਦਾ ਸੀ। ਇਹ ਇਕ ਸ਼ਰਮ ਦੀ ਗੱਲ ਹੈ ਕਿ ਕੌਮਾਂਤਰੀ ਮੁਕਾਬਲਿਆਂ ਵਿਚ ਅਬਾਦੀ ਦੇ ਹਿਸਾਬ ਨਾਲ ਮੈਡਲ ਹਾਸਲ ਕਰਨ ਵਾਲੇ ਮੁਲਕਾਂ ਵਿਚ ਹਿੰਦੁਸਤਾਨ ਦਾ ਨਾਂ ਸਦਾ ਅਖੀਰ ਵਿਚ ਹੀ ਆਉਂਦਾ ਹੈ। ਦਿਲੀ ਵਿਚ ਰਚੇ ਗਏ ਇਸ ਰੰਗ-ਤਮਾਸ਼ੇ ਵਿਚ ਖਿਡਾਰੀਆਂ ਤੇ ਅਥਲੀਟਾਂ ਦੀ ਤਾਂ ਕੋਈ ਪੁਛ ਨਹੀਂ ਰਹੀ ਪਰ ਸਾਰਾ ਜ਼ੋਰ ਕਲਮਾਦੀ, ਦਿਕਸ਼ਤ, ਗਿੱਲ ਅਤੇ ਰੈਡੀ ਵਰਗਿਆਂ ਦੇ ਨਾਮ ਚਮਕਾਉਣ ਤੇ ਜ਼ਰੂਰ ਲਾਇਆ ਗਿਆ ਹੈ ਜਿਨ੍ਹਾਂ ਦਾ ਖੇਡਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਕਾਂਗਰਸ ਦੇ ਹੀ ਇਕ ਵਜ਼ੀਰ ਮਣੀ ਸ਼ੰਕਰ ਆਇਰ ਦਾ ਵੀ ਕਹਿਣਾ ਹੈ ਕਿ ਇਸ ਪੈਸੇ ਨਾਲ ਪੇਂਡੂ ਇਲਾਕਿਆਂ ਵਿਚ ਪੰਜ ਸਾਲ ਲਈ ਲੋਕਾਂ ਦੀ ਸਿਹਤ ਸੰਭਾਲ ਦਾ ਇੰਤਜ਼ਾਮ ਹੋ ਸਕਦਾ ਹੈ। ਇਹ ਰਕਮ ਪੰਜਾਬ ਦੇ ਕਿਸਾਨਾਂ ਦੇ ਸਿਰ ਤੇ ਚੜ੍ਹੇ ਹੋਏ ਕਰਜ਼ੇ ਦੇ ਬਰਾਬਰ ਦੱਸੀ ਜਾਂਦੀ ਹੈ। ਦੱਸਿਆ ਜਾਂਦਾ ਹੈ ਕਿ ਪੰਜਾਬ ਦਾ ਕੁਲ ਕਰਜ਼ਾ 70,000 ਕਰੋੜ ਦੇ ਕਰੀਬ ਹੈ। ਸਰਕਾਰ ਜੇ ਕਿਸਾਨਾਂ ਨੂੰ ਰਾਹਤ ਦੇਣਾ ਚਾਹੁੰਦੀ ਤਾਂ ਇਸ ਪੈਸੇ ਨਾਲ ਉਨ੍ਹਾਂ ਦੇ ਸਿਰੋਂ ਕਰਜ਼ੇ ਦੀ ਪੰਡ ਲਹਿ ਸਕਦੀ ਸੀ ਪਰ ਹਿੰਦੁਸਤਾਨ ਦੀ ਰਿਆਸਤ, ਸਰਕਾਰ ਅਤੇ ਹਾਕਮ ਟੋਲਾ ਕਿਸਾਨਾਂ ਨੂੰ ਰਾਹਤ ਦੇਣ ਵਿਚ ਅਤੇ ਲੋਕਾਂ ਦੀ ਸਿਹਤ ਵਿਚ ਕੋਈ ਦਿਲਚਸਪੀ ਨਹੀਂ ਰਖਦੇ। ਉਹ ਤਾਂ ਖੇਡਾਂ ਬਹਾਨੇ ਆਪਣੀਆਂ ਜੇਬਾਂ ਭਰਨ ਨੂੰ ਤਰਜੀਹ ਦਿੰਦੇ ਹਨ ਤੇ ਇਹ ਕੋਈ ਨਵੀਂ ਗੱਲ ਵੀ ਨਹੀਂ। ਹਾਕਮ ਟੋਲੇ ਨੇ ਆਪਣੇ ਅੰਗ੍ਰੇਜ਼ ਉਸਤਾਦਾਂ ਤੋਂ ਹੀ ਇਹ ਗੱਲ ਵੀ ਸਿੱਖੀ ਹੈ। 1903 ਅਤੇ 1911 ਵਿਚ ਵੀ, ਜਦੋਂ ਕਿਸਾਨੀ ਅਤੇ ਲੋਕ ਭੁੱਖ ਅਤੇ ਕਰਜ਼ੇ ਦੀ ਮਾਰ ਨਾਲ ਮਰ ਰਹੇ ਸਨ, ਤਾਂ ਬਸਤੀਵਾਦੀਆਂ ਅਤੇ ਉਨ੍ਹਾਂ ਦੇ ਹਿਮਾਇਤੀ ਹਿੰਦੁਸਤਾਨੀ ਹਾਕਮ ਟੋਲੇ ਨੇ ਦਿੱਲੀ ਦਰਬਾਰ ਸਜਾਏ ਸਨ। ਜਾਰਜ ਪੰਚਮ ਦੀ ਤਾਜਪੋਸ਼ੀ ਲਈ ਬਹੁਤ ਵੱਡੇ ਪੱਧਰ ਤੇ ਤਮਾਸ਼ਾ ਸਜਾਇਆ ਗਿਆ ਸੀ, ਕਰੋੜਾਂ ਰੁਪਏ ਖ਼ਰਚ ਕੀਤੇ ਗਏ ਜਿਸਦਾ ਬੋਝ ਲੋਕਾਂ ਤੇ ਹੀ ਪਿਆ ਸੀ। ਅੱਜ ਦੇ ਹਾਕਮ ਲਾਣੇ ਵਾਂਗ ਉਸ ਵੇਲੇ ਬਸਤੀਵਾਦੀਆਂ ਨੇ ਵੀ ਬਹੁਤ ਪ੍ਰਚਾਰ ਕੀਤਾ ਸੀ ਕਿ ਅੰਗਰੇਜ਼ਾਂ ਦੇ ਰਾਜ ਨਾਲ ਹਿੰਦੁਸਤਾਨ ਵਿਚ ਰੇਲਵੇ, ਫੈਕਟਰੀਆਂ, ਟੈਲੀਗਰਾਫ਼ ਵਗੈਰਾ ਨਾਲ ਬਹੁਤ ਖ਼ੁਸ਼ਹਾਲੀ ਅਤੇ ਤਰੱਕੀ ਆ ਗਈ ਹੈ।

ਬਸਤੀਵਾਦੀਆਂ ਵਾਂਗ ਹੀ ਹੁਣ ਦਾ ਹਾਕਮ ਟੋਲਾ ਵੀ ਬਹੁਤ ਰੌਲਾ ਪਾ ਰਿਹਾ ਹੈ ਕਿ ਕਾਮਨਵੈਲਥ ਖੇਡਾਂ ਨਾਲ ਦੁਨੀਆ ਭਰ ਨੂੰ ਪਤਾ ਲੱਗੇਗਾ ਕਿ ਹਿੰਦੁਸਤਾਨ ਨੇ ਬਹੁਤ ਤਰੱਕੀ ਕਰ ਲਈ ਅਤੇ ਖ਼ੁਸ਼ਹਾਲੀ ਵੱਧ ਰਹੀ ਹੈ। ਪਰ ਅਸਲੀਅਤ ਕਿਸੇ ਤੋਂ ਲੁਕੀ ਨਹੀਂ ਰਹਿ ਸਕਦੀ। ਖੇਡਾਂ ਦੀ ਤਿਆਰੀ ਦੌਰਾਨ ਹੋਈਆਂ ਘਟਨਾਵਾਂ ਦੱਸਦੀਆਂ ਹਨ ਕਿ ਇਹਦੇ ਵਿਚੋਂ ਹਾਕਮ ਟੋਲੇ ਅਤੇ ਉਸਦੇ ਨੁਮਾਇੰਦਿਆਂ ਨੇ ਕਰੋੜਾਂ ਹੀ ਰੁਪਏ ਆਪਣੀਆਂ ਜੇਬਾਂ ਵਿਚ ਪਾ ਲਏ ਹਨ। ਦੱਸਿਆ ਜਾਂਦਾ ਹੈ ਕਿ ਸਿਰਫ਼ ਇਕ ਧਿਰ ਨੇ ਹੀ 15,000 ਕਰੋੜ ਡਕਾਰ ਲਏ ਹਨ। ਕਾਮਨਵੈਲਥ ਖੇਡਾਂ ਲਈ ਬਣਾਈਆਂ ਗਈਆਂ ਇਮਾਰਤਾਂ ਵਿਚ ਗੰਦਗੀ , ਕੁਰੱਪਸ਼ਨ ਅਤੇ ਗਬਨ ਦੇ ਕਿੱਸੇ ਦੁਨੀਆ ਭਰ ਨੇ ਟੈਲੀਵਿਜ਼ਨ ਤੇ ਦੇਖੇ ਹਨ। ਇਮਾਰਤਾਂ ਤਾਮੀਰ ਕਰ ਰਹੇ ਬੱਚਿਆਂ ਦੀਆਂ ਤਸਵੀਰਾਂ ਦੁਨੀਆ ਭਰ ਚ ਦੇਖਣ ਨੂੰ ਮਿਲੀਆਂ ਹਨ। ਦੁਨੀਆ ਭਰ ਦੇ ਲੋਕਾਂ ਨੇ ਬੱਚਿਆਂ ਦੀ ਇਸ ਬੁਰੀ ਹਾਲਤ ਦੀ ਨਿਖੇਧੀ ਕੀਤੀ ਹੈ ਪਰ ਹਾਕਮ ਟੋਲੇ ਨੂੰ ਕੋਈ ਸੰਗ ਸ਼ਰਮ ਨਹੀਂ। ਉਹ ਆਪਣੀਆਂ ਜੇਬਾਂ ਭਰਨ ਵਿਚ ਮਸਰੂਫ਼ ਹਨ ਤੇ ਇਸ ਵਾਸਤੇ ਕੁਝ ਵੀ ਕਰ ਸਕਦੇ ਹਨ।

ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਇਕ ਬਾਰ ਫੇਰ ਝੂਠ ਤੇ ਫਰੇਬ ਦਾ ਸਹਾਰਾ ਲੈਂਦੇ ਹੋਏ ਕਿਹਾ ਕਿ ਹਿੰਦੁਸਤਾਨ ਦੇ ਲੋਕਾਂ ਨੂੰ ਕਾਮਨਵੈਲਥ ਖੇਡਾਂ ਦੀ ਮੇਜ਼ਬਾਨੀ ਕਰਨ ਦਾ ਬਹੁਤ ਫ਼ਖ਼ਰ ਹੈ ਜਦ ਕਿ ਅਸਲੀਅਤ ਇਹ ਹੈ ਕਿ ਇਹ ਖ਼ਰਚਾ ਹਾਕਮ ਟੋਲੇ ਨੇ ਆਪਣੀਆਂ ਜੇਬਾਂ ਭਰਨ ਲਈ ਲੋਕਾਂ ਦੇ ਨਾਂ ਮੜ੍ਹ ਦਿੱਤਾ ਹੈ। ਲੋਕਾਂ ਦਾ ਇਹਦੇ ਨਾਲ ਕੋਈ ਲੈਣਾ ਦੇਣਾ ਹੀ ਨਹੀਂ ਇਨ੍ਹਾਂ ਖੇਡਾਂ ਨਾਲ। ਇਹ ਤਾਂ ਅਮੀਰਾਂ ਦੀਆਂ ਜੇਬਾਂ ਭਰਨ ਦੀ ਖੇਡ ਹੈ। ਮਨਮੋਹਨ ਸਿੰਘ ਅਤੇ ਉਸਦੇ ਜੁੰਡੀਦਾਰਾਂ ਨੇ ਲੋਕਾਂ ਤੋਂ ਕਦੇ ਵੀ ਇਹ ਨਹੀਂ ਪੁੱਛਿਆ ਕਿ ਕੀ ਉਹ ਇਹ ਖੇਡਾਂ ਕਰਾਉਣੀਆਂ ਚਾਹੁੰਦੇ ਹਨ ਅਤੇ ਕੀ ਉਹ ਇਹ ਖ਼ਰਚਾ ਕਰਨਾ ਚਾਹੁੰਦੇ ਹਨ? ਪਰ ਮਨਮੋਹਨ ਸਿੰਘ ਫੇਰ ਵੀ ਲੋਕਾਂ ਦੇ ਨਾਂ ਦਾ ਆਸਰਾ ਲੈ ਕੇ ਚਿੱਟਾ ਝੂਠ ਬੋਲੀ ਜਾਂਦਾ ਹੈ।

ਸ਼ਰਮ ਦੀ ਗੱਲ ਹੈ ਕਿ ਹਿੰਦੁਸਤਾਨ ਵਿਚ ਇਕ ਪਾਸੇ ਤਾਂ 70 ਫੀ ਸਦੀ ਵਸੋਂ ਕੋਲ ਕੁਲੀ, ਗੁਲੀ ਅਤੇ ਜੁੱਲੀ ਦਾ ਕੋਈ ਹੀਲਾ ਵਸੀਲਾ ਨਹੀਂ ਹੈ ਤੇ ਦੂਜੇ ਪਾਸੇ ਸਰਕਾਰ ਖਰਬਾਂ ਰੁਪਏ ਸਰਕਾਰੀ ਖ਼ਜ਼ਾਨੇ ਵਿਚੋਂ ਅਮੀਰਾਂ ਦੇ ਹਵਾਲੇ ਕਰ ਰਹੀ ਹੈ ਤੇ ਇਸ ਖ਼ਰਚੇ ਨੂੰ ਲੋਕਾਂ ਦੀਆਂ ਜੇਬਾਂ ਕੱਟ ਕੇ ਪੂਰਾ ਕੀਤਾ ਜਾਵੇਗਾ।